# ਨਾਨਕ ਦੁਨੀਆ ਕੈਸੀ ਹੋਈ ॥

-: *ਪ੍ਰੋ. ਦਰਸ਼ਨ ਸਿੰਘ ਖ਼ਾਲਸਾ*




ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥ ਪੰਨਾਂ 1410

ਹਰ ਪਾਸੇ ਧਰਮ ਦੇ ਨਾਮ 'ਤੇ ਧੋਖਾ, ਦੋਸਤੀ ਦੇ ਨਕਾਬ ਹੇਠ ਦੁਸ਼ਮਣੀ ਜ਼ੁਲਮ, ਸੰਤ ਦੇ ਪਹਿਰਾਵੇ ਵਿੱਚ ਸੈਤਾਨੀਅਤ, ਸਿੱਖੀ ਦੇ ਬਾਣੇ ਵਿੱਚ ਫਰੇਬ, ਸਿੱਖ ਗੁਰੂ ਨਾਲ ਭੀ ਧੋਖਾ ਕਰ ਰਿਹਾ ਹੈ, ਦਿਖਾਵੇ ਦਾ ਵਾਹਿ ਗੁਰੂ ਵਾਹਿ ਗੁਰੂ ਜਪਦਾ ਹੈ, ਪਰ ਗੁਰੂ ਦਾ ਬਚਨ ਨਹੀਂ ਮੰਨਦਾ, ਅੰਮ੍ਰਿਤ ਨਿਤਨੇਮ ਵਿੱਚ ਕੱਚੀ ਬਾਣੀ ਪੜ੍ਹਕੇ ਗੁਰੂ ਗ੍ਰੰਥ ਨੂੰ ਅਧੂਰਾ ਕਹਿਣ ਜਿਹੀ ਬੇਅਦਬੀ ਕਰ ਰਿਹਾ ਹੈ। ਮਾਨੋ ਅੱਜ ਹਰ ਪਾਸੇ ਝੂਠ ਨੇ ਸੱਚ ਦੇ ਕੱਪੜੇ ਪਾ ਲਏ ਹਨ, ਸੰਸਾਰ ਦੇ ਧਾਰਮਿਕ ਇਕੱਠਾਂ ਦੇ ਮੰਚ 'ਤੇ ਭੀ ਸ਼ੈਤਾਨੀਅਤ ਦਾ ਨੰਗਾ ਨਾਚ ਦਿਸਦਾ ਹੈ। ਸੱਚ ਦੇ ਵਿਰੁੱਧ ਧਮਕੀਆਂ, ਗੋਲ਼ੀਆਂ, ਬੰਬਾਂ ਤੇ ਤਲਵਾਰਾਂ ਦੀ ਵਰਤੋਂ ਹੋ ਰਹੀ ਹੈ।

ਨਾਰਦੁ ਨਾਚੈ ਕਲਿ ਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥1॥349

ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥ ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥3॥381

...ਪਰ, ਮਨੁੱਖਤਾ ਕੋਲ ਸਰਾਫ ਬਿਰਤੀ ਨਹੀਂ ਰਹੀ, ਜੋ ਇਸ ਖੋਟੇ ਢਬੂਏ ਨੂੰ ਪਛਾਣ ਲਏ।

Prof. Darshan Singh Khalsa regarding fake anti-Gurmat people | source: www.KhalsaNews.org | date: June 12, 2016